**Total No. of Printed Pages : 3** **Roll No. ...........................**

# 1(CCE.M)2

## Punjabi—II

## (31)

Time : Three Hours] [Maximum Marks : 300

**INSTRUCTIONS**

(i) Answers must be written in Gurmukhi.

(ii) The number of marks carried by each question is indicated at the end of the question.

(iii) The answer to each question or part thereof should begin on a fresh page.

(iv) Your answer should be precise and coherent.

(v) The part/parts of the same question must be answered together and should not be interposed between answers to other questions.

(vi) Candidates should attempt Question No. **one** which is compulsory and any **four** more out of the remaining questions.

(vii) If you encounter any typographical error, please read it as it appears in the text book.

(viii) Candidates are in their own interest advised to go through the General Instructions on the back side of the title page of the Answer Script for strict adherence.

(ix) No continuation sheets shall be provided to any candidate under any circumstances.

(x) Candidates shall put a cross (×) on blank pages of Answer Script.

(xi) No blank page be left in between answer to various questions.

(xii) No programmable Calculator is allowed.

(xiii) No stencil (with different markings) is allowed.

**ਨੋਟ :** ਕੁੱਲ **ਪੰਜ** ਪ੍ਰਸ਼ਨਾਂ ਦੇ ਉੱਤਰ ਦਿਉ। ਪਹਿਲਾ ਪ੍ਰਸ਼ਨ (ਭਾਗ ਪਹਿਲਾ) ਕਰਨਾ ਜ਼ਰੂਰੀ ਹੈ। ਭਾਗ ਦੂਜੇ ਵਿਚੋਂ ਕੋਈ **ਚਾਰ** ਪ੍ਰਸ਼ਨਾਂ ਦੇ ਉੱਤਰ ਦਿਉ।

## ਭਾਗ–ਪਹਿਲਾ

1. ਹੇਠ ਲਿਖੇ ਕਾਵਿ-ਟੋਟਿਆਂ ਵਿਚੋਂ **ਦੋ** ਦੇ ਸਰਲ ਅਤੇ ਭਾਵ ਅਰਥਾਂ ਨੂੰ ਸਪੱਸ਼ਟ ਕਰਦਿਆਂ ਉਨ੍ਹਾਂ ਦੀਆਂ ਸਾਹਿਤਕ ਵਿਸ਼ੇਸ਼ਤਾਵਾਂ ਬਿਆਨ ਕਰੋ :

(ੳ) ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ॥
ਪਬਣਿ ਕੇਰੇ ਪਤ ਜਿਉ ਢਲਿ ਢਲਿ ਜੁੰਮਣਹਾਰ॥
ਰੰਗ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ॥
ਦਿਨ ਥੋੜੜੇ ਥਕੇ ਭਇਆ ਪੁਰਾਨਾ ਚੋਲਾ॥
ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ॥
ਹੰਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ॥ 50

(ਅ) ਜਿਤ ਵਲ ਮੈਂਡਾ ਮਿੱਤਰ ਪਿਆਰਾ
ਉਥੇ ਵੰਞ ਆਖੀਂ ਮੈਂਡੀ ਆਜਜ਼ੀ ਵੋ।
ਜੋਗਣਿ ਹੋਵਾਂ ਧੂਹਾ ਪਾਵਾਂ
ਤੇਰੇ ਕਾਰਣਿ ਮੈਂ ਮਰ ਜਾਵਾਂ
ਤੈਂ ਮਿਲਿਆਂ ਮੇਰੀ ਤਾਜ਼ਗੀ ਵੋ।
ਰਾਤੀਂ ਦਰਦ ਦਿਹੈਂ ਦਰਮਾਂਦੀ
ਮਰਨ ਅਸਾਡਾ ਵਾਜਬੀ ਵੋ। 50

(ੲ) ਜੰਗ ਹਿੰਦ ਪੰਜਾਬ ਦਾ ਹੋਣ ਲਗਾ, ਦੋਵੇਂ ਪਾਤਸ਼ਾਹੀ ਫੌਜਾਂ ਭਾਰੀਆਂ ਨੀ।
ਅੱਜ ਹੋਏ ਸਰਕਾਰ ਤਾਂ ਮੁੱਲ ਪਾਵੇ, ਜੇੜੀਆਂ ਖਾਲਸੇ ਨੇ ਤੇਗ਼ਾਂ ਮਾਰੀਆ ਨੀ।
ਸਣੇ ਆਦਮੀ ਗੋਲੀਆਂ ਨਾਲ ਉਡਣ, ਹਾਥੀ ਡਿਗਦੇ ਸਣੇ ਅੰਬਾਰੀਆਂ ਨੀ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ, ਫੌਜਾਂ ਜਿਤ ਕੇ ਅੰਤ ਨੂੰ ਹਾਰੀਆਂ ਨੀ। 50

## ਭਾਗ–ਦੂਜਾ

2. ਬਾਬਾ ਫ਼ਰੀਦ ਬਾਣੀ ਦੇ ਨੈਤਿਕ ਸਰੋਕਾਰਾਂ ਸੰਬੰਧੀ ਚਰਚਾ ਕਰੋ। 50

3. ਗੁਰੂ ਨਾਨਕ ਦੇਵ ਦਾ ਰਹੱਸਵਾਦੀ ਅਨੁਭਵ ਇਕੋ ਸਮੇਂ ਪਰਾਭੌਤਿਕ ਅਤੇ ਲੌਕਿਕ ਖੇਤਰਾਂ ਦਾ ਧਾਰਨੀ ਹੈ। ਸਪੱਸ਼ਟ ਕਰੋ। 50

4. ਸ਼ਾਹ ਹੁਸੈਨ ਦੀਆਂ ਕਾਫ਼ੀਆਂ ਵਿਚਲੀ ਪ੍ਰਤੀਕ ਯੋਜਨਾ ਦਾ ਵਿਸ਼ਲੇਸ਼ਣ ਪੇਸ਼ ਕਰੋ। 50

5. ਵਾਰਿਸ ਸ਼ਾਹ ਦੀ **ਹੀਰ** ਦੇ ਵਿਲੱਖਣ ਸੁਹਜ ਨੂੰ ਉਭਾਰਨ ਵਾਲੀਆਂ ਜੁਗਤਾਂ ਸੰਬੰਧੀ ਮਿਸਾਲਾਂ ਸਹਿਤ ਚਰਚਾ ਕਰੋ। 50

6. ਬਲਵੰਤ ਗਾਰਗੀ ਦੇ ਨਾਟਕ **ਲੋਹਾ ਕੁੱਟ** ਵਿਚ ਪੇਸ਼ ਮਾਨਵੀ ਜਜ਼ਬਿਆਂ ਦੀ ਪੇਸ਼ਕਾਰੀ ਅਤੇ ਪ੍ਰਮਾਣਕਤਾ ਸੰਬੰਧੀ ਆਪਣਾ ਮਤ ਸਪੱਸ਼ਟ ਕਰੋ। 50

7. ਸੰਤ ਸਿੰਘ ਸੇਖੋਂ ਦੀ ਸਾਹਿਤ ਚਿੰਤਨ ਨਾਲ ਸੰਬੰਧਿਤ ਪੁਸਤਕ **ਸਾਹਿਤਿਆਰਥ** ਦੇ ਵਿਸ਼ਲੇਸ਼ਣ ਦੇ ਆਧਾਰ ਉੱਪਰ ਉਸ ਦੀਆਂ ਪ੍ਰਮੁੱਖ ਸਿੱਧਾਂਤਕ ਸਥਾਪਨਾਵਾਂ ਉੱਪਰ ਰੋਸ਼ਨੀ ਪਾਓ। 50